


# ਜਿਨਸੀ ਸ਼ੋਸ਼ਣ ਦੀ ਰਿਪੋਰਟ ਕਰਨਾ

## ਕੀ ਤੁਸੀਂ ਸੋਚਦੇ ਹੋ ਕਿ ਤੁਹਾਡਾ ਡਾਕਟਰ ਆਪਣੀ ਹੱਦ ਪਾਰ ਕਰ ਗਿਆ ਸੀ?

ਮਰੀਜ਼-ਡਾਕਟਰ ਦਾ ਰਿਸ਼ਤਾ ਵਿਸ਼ਵਾਸ 'ਤੇ ਆਧਾਰਿਤ ਹੁੰਦਾ ਹੈ। ਤੁਹਾਡੇ ਡਾਕਟਰ ਦੁਆਰਾ ਜਿਨਸੀ ਸ਼ੋਸ਼ਣ ਉਸ ਵਿਸ਼ਵਾਸ ਦੀ ਉਲੰਘਣਾ ਕਰਦਾ ਹੈ ਅਤੇ ਇਹ ਕਦੇ ਵੀ ਸਵੀਕਾਰ ਕਰਨਯੋਗ ਨਹੀਂ ਹੁੰਦਾ। ਕਿਸੇ ਡਾਕਟਰ ਅਤੇ ਕਿਸੇ ਮਰੀਜ਼ ਵਿਚਕਾਰ ਕੋਈ ਵੀ ਜਿਨਸੀ ਵਿਵਹਾਰ ਜਿਨਸੀ ਸ਼ੋਸ਼ਣ ਹੁੰਦਾ ਹੈ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਡਾਕਟਰ ਆਪਣੀ ਹੱਦ ਪਾਰ ਕਰ ਗਿਆ ਹੈ, ਤਾਂ ਕਾਲਜ ਆਫ ਫਿਜੀਸ਼ੀਅਨਜ਼ ਐਂਡ ਸਰਜਨਸ ਆਫ ਓਨਟੈਰੀਓ (College of Physicians and Surgeons of Ontario) ਤੁਹਾਡਾ ਪੱਖ ਸੁਣਨਾ ਚਾਹੁੰਦਾ ਹੈ। ਤੁਸੀਂ ਸਾਨੂੰ 1-800-268-7096, ਐਕਸਟੈਨਸ਼ਨ 629 'ਤੇ ਕਾਲ ਕਰਨ ਦੁਆਰਾ ਸ਼ੁਰੂਆਤ ਕਰ ਸਕਦੇ ਹੋ।

ਸੂਬੇ ਦੇ ਡਾਕਟਰਾਂ ਦਾ ਅਧਿਨਿਯਿਮਕ ਹੋਣ ਵਜੋਂ, ਇਸ ਕਾਲਜ ਦੀ ਜਿਨਸੀ ਸ਼ੋਸ਼ਣ ਪ੍ਰਤੀ ਸਿਫਰ ਸਹਿਣਸ਼ੀਲਤਾ ਹੈ ਅਤੇ ਅਸੀਂ ਹਰੇਕ ਸ਼ਿਕਾਇਤ ਦੀ ਜਾਂਚ ਕਰਦੇ ਹਾਂ।

ਅੱਗੇ ਆਉਣਾ ਮੁਸ਼ਕਿਲ ਹੋ ਸਕਦਾ ਹੈ। ਮਦਦ ਕਰਨ ਲਈ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਗੱਲ ਨੂੰ ਸਮਝੋ ਕਿ ਸੰਭਾਵੀ ਜਿਨਸੀ ਸ਼ੋਸ਼ਣ ਦੀ ਰਿਪੋਰਟ ਕਰਨਾ ਮਹੱਤਵਪੂਰਨ ਕਿਉਂ ਹੈ – ਅਤੇ ਜਦ ਤੁਸੀਂ ਰਿਪੋਰਟ ਕਰਦੇ ਹੋ ਤਾਂ ਤੁਸੀਂ ਕਿਸ ਚੀਜ਼ ਦੀ ਉਮੀਦ ਕਰ ਸਕਦੇ ਹੋ।

### ਮੈਂ ਜਿਨਸੀ ਸ਼ੋਸ਼ਣ ਦੀ ਪਛਾਣ ਕਿਵੇਂ ਕਰਾਂ?

ਡਾਕਟਰੀ ਦੀ ਪ੍ਰੈਕਟਿਸ ਵਿੱਚ, ਡਾਕਟਰ ਸਰੀਰ ਦੇ ਕਈ ਅੰਗਾਂ ਨੂੰ ਛੂਹਣ ਲਈ ਆਪਣੇ ਹੱਥਾਂ ਦੀ ਵਰਤੋਂ ਕਰ ਸਕਦੇ ਹਨ। ਇਹ ਕਈ ਜ਼ਰੂਰੀ ਕਲੀਨਿਕੀ ਜਾਂਚਾਂ ਦਾ ਭਾਗ ਹੈ (ਉਦਾਹਰਨ ਲਈ, ਤੁਹਾਡੀ ਸਮੁੱਚੀ ਸਿਹਤ ਦੀ ਜਾਂਚ ਕਰਨ ਲਈ ਜਾਂ ਤੁਹਾਡੇ ਕਿਸੇ ਸ਼ੰਕੇ ਦੀ ਪੜਤਾਲ ਕਰਨ ਲਈ)। ਜਦ ਇਹ ਵਾਪਰਦਾ ਹੈ, ਤਾਂ ਤੁਹਾਨੂੰ ਕਿਸੇ ਡਾਕਟਰ ਕੋਲੋਂ ਇਹ ਦੱਸਣ ਦੀ ਉਮੀਦ ਕਰਨੀ ਚਾਹੀਦੀ ਹੈ ਕਿ ਉਹ ਕੀ ਕਰਨ ਜਾ ਰਿਹਾ/ਰਹੀ ਹੈ, ਤੁਹਾਨੂੰ ਛੂਹਣ ਲਈ ਇਜਾਜ਼ਤ ਮੰਗਣੀ ਚਾਹੀਦੀ ਹੈ, ਤੁਹਾਨੂੰ ਸਵਾਲ ਪੁੱਛਣ ਦਾ ਮੌਕਾ ਦੇਣਾ ਚਾਹੀਦਾ ਹੈ, ਅਤੇ ਤੁਹਾਡੇ ਨਾਲ ਆਦਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਡਾਕਟਰ ਸਾਰੇ ਸਮਿਆਂ 'ਤੇ ਮਰੀਜ਼ਾਂ ਨਾਲ ਪੇਸ਼ੇਵਰਾਨਾ ਅਤੇ ਸਦਾਚਾਰਕ ਤਰੀਕੇ ਨਾਲ ਕਾਰਜ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਜਿਨਸੀ ਸ਼ੋਸ਼ਣ ਵਿਸ਼ਵਾਸ ਦੀ ਗੰਭੀਰ ਉਲੰਘਣਾ ਹੈ ਅਤੇ ਇਸ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- **ਕਿਸੇ ਮਰੀਜ਼ ਦੇ ਨਾਲ ਕਿਸੇ ਵੀ ਕਿਸਮ ਦੇ ਜਿਨਸੀ ਰਿਸ਼ਤੇ।**
- **ਗੈਰ-ਜ਼ਰੂਰੀ ਜਾਂ ਅਣਉਚਿਤ ਸਰੀਰਕ ਜਾਂਚਾਂ।**

  ਉਦਾਹਰਨਾਂ:
  - ਤੁਹਾਡੀਆਂ ਛਾਤੀਆਂ, ਜਣਨ-ਅੰਗਾਂ, ਚੂਲ੍ਹਿਆਂ ਜਾਂ ਪੇਡੂ ਦੇ ਖੇਤਰ ਨੂੰ ਅਜਿਹੇ ਤਰੀਕੇ ਨਾਲ ਛੂਹਣਾ ਜਿਸ ਪਿੱਛੇ ਇਲਾਜ ਜਾਂ ਮੁਲਾਂਕਣ ਦਾ ਇਰਾਦਾ ਨਹੀਂ ਹੈ;
  - ਕਿਸੇ ਜਾਂਚ ਨੂੰ ਡਾਕਟਰੀ ਤਰੀਕੇ ਦੀ ਬਜਾਏ ਕਾਮੁਕ ਤਰੀਕੇ ਨਾਲ ਕਰਨਾ; ਜਾਂ
  - ਤੁਹਾਡੀ ਆਗਿਆ ਜਾਂ ਸਪੱਸ਼ਟੀਕਰਨ ਦੇ ਬਿਨਾਂ ਤੁਹਾਨੂੰ ਛੂਹਣਾ।

***ਕੀ ਕਿਸੇ ਡਾਕਟਰ ਨੇ ਤੁਹਾਨੂੰ ਕੁਝ ਕਿਹਾ ਜਾਂ ਕੀਤਾ ਹੈ ਜਿਸ ਨਾਲ ਤੁਸੀਂ ਬੇਚੈਨ ਹੋ ਗਏ ਹੋ?*** *ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕਿਸੇ ਓਨਟੈਰੀਓ ਡਾਕਟਰ ਦੁਆਰਾ ਜਿਨਸੀ ਸ਼ੋਸ਼ਣ ਦਾ ਤਜ਼ਰਬਾ ਹੋਇਆ ਹੈ, ਤਾਂ ਕਿਰਪਾ ਕਰਕੇ ਕਾਲਜ ਆਫ ਫਿਜੀਸ਼ੀਅਨਜ਼ ਐਂਡ ਸਰਜਨਸ ਆਫ ਓਨਟੈਰੀਓ ਨੂੰ 1-800-268-7096, ਐਕਸਟੈਨਸ਼ਨ 629 'ਤੇ ਕਾਲ ਕਰੋ।*

- **ਅਣਉਚਿਤ ਟਿੱਪਣੀਆਂ, ਇਸ਼ਾਰੇ ਜਾਂ ਵਿਵਹਾਰ।**
  ਉਦਾਹਰਨਾਂ:
  - ਜਿਨਸੀ ਤੌਰ 'ਤੇ ਕੁਝ ਅਣਉਚਿਤ ਸੁਝਾਉਣ ਵਾਲੀ ਗੱਲ ਕਹਿਣਾ;
  - ਤੁਹਾਨੂੰ ਕਿਸੇ ਦਿਨ ਮਿਲਣ ਵਾਸਤੇ ਕਹਿਣਾ;
  - ਤੁਹਾਡੀ ਦਿੱਖ ਜਾਂ ਕੱਪੜਿਆਂ ਬਾਰੇ ਅਸ਼ਲੀਲ ਟਿੱਪਣੀਆਂ ਕਰਨੀਆਂ;
  - ਤੁਹਾਡੇ ਜਿਨਸੀ ਰਿਸ਼ਤਿਆਂ ਜਾਂ ਜਿਨਸੀ ਝੁਕਾਓ ਬਾਰੇ ਗੈਰ-ਜ਼ਰੂਰੀ ਟਿੱਪਣੀਆਂ ਕਰਨੀਆਂ;
  - ਜਿਨਸੀ ਤੌਰ 'ਤੇ ਅਪਮਾਨਜਨਕ ਜਾਂ ਭੜਕਾਊ ਟਿੱਪਣੀਆਂ ਜਾਂ ਚੁਟਕਲੇ ਕਹਿਣੇ; ਜਾਂ
  - ਬੇਲੋੜਾ ਧਿਆਨ ਦੇਣਾ (ਜਿਵੇਂ ਕਿ ਚੁੰਮਣਾ ਜਾਂ ਜੱਫੀ ਪਾਉਣਾ)।

ਇਸ ਸਾਰੇ ਕੁਝ ਨੂੰ ਜਿਨਸੀ ਸ਼ੋਸ਼ਣ ਸਮਝਿਆ ਜਾਂਦਾ ਹੈ ਜਦ ਕੋਈ ਡਾਕਟਰ ਕਿਸੇ ਮਰੀਜ਼ ਨਾਲ ਇਹ ਕਰਦਾ ਹੈ।

## ਜੇ ਮੈਂ ਕੋਈ ਇਤਰਾਜ਼ ਨਹੀਂ ਕੀਤਾ ਤਾਂ ਕੀ?

ਚਾਹੇ ਤੁਸੀਂ ਇਤਰਾਜ਼ ਨਹੀਂ ਵੀ ਕੀਤਾ ਅਤੇ ਤੁਸੀਂ ਸੋਚਦੇ ਹੋ ਕਿ ਤੁਸੀਂ ਇੱਕ ਇੱਛੁਕ ਭਾਗੀਦਾਰ ਸੀ, ਤਾਂ ਵੀ ਕਨੂੰਨ ਅਨੁਸਾਰ, ਡਾਕਟਰ ਦੀਆਂ ਹਰਕਤਾਂ/ਟਿੱਪਣੀਆਂ ਅਣਉਚਿਤ ਅਤੇ ਅਸਵੀਕਾਰ ਕਰਨਯੋਗ ਹਨ।

ਕਈ ਵਾਰ, ਕੋਈ ਮਰੀਜ਼ ਉਸ ਚੀਜ਼ ਦਾ ਵਿਰੋਧ ਨਹੀਂ ਕਰਦਾ ਜੋ ਕੁਝ ਡਾਕਟਰ ਕਰ ਰਿਹਾ ਹੁੰਦਾ ਹੈ। ਏਥੋਂ ਤੱਕ ਕਿ ਹੋ ਸਕਦਾ ਹੈ ਮਰੀਜ਼ ਨੇ ਹੀ ਡਾਕਟਰ ਨਾਲ ਨਜ਼ਦੀਕੀ/ਜਿਨਸੀ ਰਿਸ਼ਤਾ ਸ਼ੁਰੂ ਕੀਤਾ ਹੋਵੇ। ਇਸ ਨਾਲ ਫਰਕ ਨਹੀਂ ਪੈਂਦਾ। ਇਹਨਾਂ ਪ੍ਰਸਥਿਤੀਆਂ ਵਿੱਚ ਮਰੀਜ਼ ਦੀ ਸਹਿਮਤੀ ਨਾਮ ਦੀ ਕੋਈ ਚੀਜ਼ ਨਹੀਂ ਹੈ। ਸਾਰੇ ਮਾਮਲਿਆਂ ਵਿੱਚ, ਇੱਕ ਉਚਿਤ ਰਿਸ਼ਤਾ ਸਮਝਣਾ ਅਤੇ ਇਸਨੂੰ ਬਣਾਈ ਰੱਖਣਾ ਡਾਕਟਰ ਦੀ ਜ਼ਿੰਮੇਵਾਰੀ ਹੁੰਦੀ ਹੈ, ਅਤੇ ਕਦੇ ਵੀ ਮਰੀਜ਼ ਦੀ ਨਹੀਂ ਹੁੰਦੀ।

## ਮੈਨੂੰ ਕਾਲਜ ਨੂੰ ਕਿਉਂ ਦੱਸਣਾ ਚਾਹੀਦਾ ਹੈ?

ਜਦ ਚੀਜ਼ਾਂ ਸਹੀ ਨਾ ਹੋਣ ਤਾਂ ਸਾਨੂੰ ਦੱਸਣ ਵਾਸਤੇ ਕਾਲਜ ਮਰੀਜ਼ਾਂ 'ਤੇ ਨਿਰਭਰ ਕਰਦਾ ਹੈ। ਇਹੀ ਉਹ ਚੀਜ਼ ਹੈ ਜੋ ਜਨਤਾ ਦੀ ਰੱਖਿਆ ਕਰਨ ਵਿੱਚ ਸਾਡੀ ਮਦਦ ਕਰਦੀ ਹੈ। ਜ਼ਿਆਦਾਤਰ ਸਮਾਂ, ਸਾਨੂੰ ਜਿਨਸੀ ਸ਼ੋਸ਼ਣ ਬਾਰੇ ਉਹਨਾਂ ਲੋਕਾਂ ਤੋਂ ਪਤਾ ਚੱਲਦਾ ਹੈ ਜੋ ਸ਼ਿਕਾਇਤਾਂ ਕਰਦੇ ਹਨ।

ਅਕਸਰ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਇਕੱਲੀਆਂ-ਦੁਕੱਲੀਆਂ ਨਹੀਂ ਹੁੰਦੀਆਂ ਅਤੇ ਜੋ ਕੁਝ ਵਾਪਰਿਆ ਸੀ ਉਸ ਬਾਰੇ ਕਾਲਜ ਨੂੰ ਦੱਸਣ ਦੁਆਰਾ, ਹੋ ਸਕਦਾ ਹੈ ਤੁਸੀਂ ਦੂਜਿਆਂ ਦੀ ਮਦਦ ਵੀ ਕਰ ਰਹੇ ਹੋਵੋਂ। ਤੁਹਾਡੀ ਜਾਣਕਾਰੀ ਸਾਨੂੰ ਵਧੇਰੇ ਅਸਰਦਾਰ ਤਰੀਕੇ ਨਾਲ ਜਾਂਚ ਕਰਨ ਦੇ ਵੀ ਯੋਗ ਬਣਾਉਂਦੀ ਹੈ।

ਤੁਹਾਡੇ ਡਾਕਟਰ ਦੁਆਰਾ ਜਿਨਸੀ ਸ਼ੋਸ਼ਣ ਦੀ ਰਿਪੋਰਟ ਕਰਨਾ ਤੁਹਾਡੀ ਮਦਦ ਵੀ ਕਰ ਸਕਦਾ ਹੈ। ਹੋ ਸਕਦਾ ਹੈ ਇਹ ਤੁਹਾਡੇ ਲਈ ਮਾਮਲਾ ਖਤਮ ਹੋਣ ਦੀ ਸੋਝੀ ਲੈਕੇ ਆਵੇ। ਤੁਸੀਂ ਜਾਣ ਜਾਵੋਂਗੇ ਕਿ ਕਾਲਜ ਮਾਮਲੇ ਦੀ ਛਾਣਬੀਣ ਕਰ ਰਿਹਾ ਹੈ ਅਤੇ ਕਾਰਵਾਈ ਕਰ ਰਿਹਾ ਹੈ।

## ਮੈਂ ਕਿਸਨੂੰ ਦੱਸਾਂ?

ਤੁਸੀਂ ਆਪਣੇ ਸ਼ੰਕਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਕਾਲਜ ਨੂੰ ਕਾਲ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣ ਸਕਦੇ ਹੋ ਕਿ ਅਸੀਂ ਕਿਵੇਂ ਮਦਦ ਕਰ ਸਕਦੇ ਹਾਂ ਅਤੇ/ਜਾਂ ਕੋਈ ਸ਼ਿਕਾਇਤ ਕਰ ਸਕਦੇ ਹੋ। ਜਦ ਤੁਸੀਂ ਸ਼ਿਕਾਇਤ ਕਰਦੇ ਹੋ, ਤਾਂ ਤੁਸੀਂ ਕਿਸੇ ਅਜਿਹੇ ਸਹਾਇਤਾ ਕਰਨ ਵਾਲੇ ਵਿਅਕਤੀ ਨਾਲ ਗੱਲ ਕਰੋਂਗੇ ਜਿਸਦਾ ਪਿਛੋਕੜ ਸਮਾਜ ਸੇਵਾ ਦਾ ਹੋਵੇਗਾ ਅਤੇ ਜੋ ਜਿਨਸੀ ਤੌਰ 'ਤੇ ਸ਼ੋਸ਼ਿਤ ਹੋਏ ਮਰੀਜ਼ਾਂ ਦੀ ਮਦਦ ਕਰਨ ਵਿੱਚ ਸਿਖਲਾਈ ਪ੍ਰਾਪਤ ਹੋਵੇਗਾ ਅਤੇ ਤਜ਼ਰਬਾ ਰੱਖਦਾ ਹੋਵੇਗਾ। ਤੁਸੀਂ ਸਾਨੂੰ **1-800-268-7096**, **ਐਕਸਟੈਨਸ਼ਨ 629** 'ਤੇ ਕਾਲ ਕਰ ਸਕਦੇ ਹੋ।

ਪਹਿਲੀ ਕਾਲ ਵਿੱਚ, ਤੁਹਾਨੂੰ ਆਪਣਾ ਨਾਮ ਦੱਸਣ ਦੀ ਲੋੜ ਨਹੀਂ ਹੈ ਜੇਕਰ ਤੁਸੀਂ ਨਹੀਂ ਦੱਸਣਾ ਚਾਹੁੰਦੇ। ਜੋ ਕੁਝ ਵਾਪਰਿਆ ਤੁਸੀਂ ਉਸਦੀ ਸਮੀਖਿਆ ਕਰ ਸਕਦੇ ਹੋ, ਅਤੇ ਕਾਲਜ ਦੇ ਸ਼ਿਕਾਇਤਾਂ ਅਤੇ ਅਨੁਸ਼ਾਸ਼ਨ ਦੇ ਅਮਲ ਬਾਰੇ ਅਤੇ ਕਿਸ ਚੀਜ਼ ਦੀ ਉਮੀਦ ਕਰਨੀ ਹੈ, ਬਾਰੇ ਪਤਾ ਕਰ ਸਕਦੇ ਹੋ। ਜੇ ਤੁਸੀਂ ਤਰਜੀਹ ਦਿੰਦੇ ਹੋ, ਤਾਂ ਤੁਸੀਂ ਨਿੱਜੀ ਤੌਰ 'ਤੇ ਮਿਲ ਸਕਦੇ ਹੋ। ਜੇ ਤੁਸੀਂ ਕੋਈ ਰਸਮੀ ਸ਼ਿਕਾਇਤ ਕਰਨ ਦਾ ਫੈਸਲਾ ਕਰਦੇ ਹੋ, ਤਾਂ ਅਸੀਂ ਇੱਕ ਜਾਂਚ ਸ਼ੁਰੂ ਕਰਾਂਗੇ ਅਤੇ ਸਾਡਾ ਸਹਾਇਤਾ ਕਰਨ ਵਾਲਾ ਵਿਅਕਤੀ ਇਸ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਉਪਲਬਧ ਹੋਵੇਗਾ।

## ਕੀ ਡਾਕਟਰ ਨੂੰ ਪਤਾ ਚੱਲੇਗਾ ਕਿ ਮੈਂ ਸ਼ਿਕਾਇਤ ਕੀਤੀ ਸੀ?

ਜੇ ਤੁਸੀਂ ਸ਼ਿਕਾਇਤ ਕਰਨ ਦਾ ਫੈਸਲਾ ਕਰਦੇ ਹੋ, ਤਾਂ ਹਾਂ। ਕਿਸੇ ਜਾਂਚ ਵਿੱਚ, ਕਾਲਜ ਲਈ ਡਾਕਟਰ ਨੂੰ ਤੁਹਾਡਾ ਨਾਮ ਦੱਸਣਾ ਲਾਜ਼ਮੀ ਹੈ ਤਾਂ ਜੋ ਉਹ ਜਵਾਬ ਦੇ ਸਕੇ।

## ਕੀ ਮੇਰੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ?

ਕਾਲਜ — ਜਿਨਸੀ ਸ਼ੋਸ਼ਣ ਜਾਂ ਕਿਸੇ ਵੀ ਹੋਰ ਚੀਜ਼ ਲਈ – ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ। ਜਨਤਾ ਦੀ ਰੱਖਿਆ ਕਰਨ ਦੀ ਸਾਡੀ ਭੂਮਿਕਾ ਦੇ ਭਾਗ ਵਜੋਂ, ਅਸੀਂ ਸਾਰੀਆਂ ਸ਼ਿਕਾਇਤਾਂ ਦੀ ਚੰਗੀ ਤਰ੍ਹਾਂ ਜਾਂਚ ਕਰਦੇ ਹਾਂ।

## ਜੇ ਮੈਂ ਕੋਈ ਸ਼ਿਕਾਇਤ ਕਰਦਾ/ਦੀ ਹਾਂ, ਤਾਂ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ?

ਸ਼ਿਕਾਇਤਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਕੀ ਕੁਝ ਸ਼ਾਮਲ ਹੁੰਦਾ ਹੈ, ਇਸ ਬਾਰੇ ਵਧੇਰੇ ਵਿਸਥਾਰ ਸਾਡੀ ਵੈੱਬਸਾਈਟ **cpso.on.ca** 'ਤੇ ਦੇਖੇ ਜਾ ਸਕਦੇ ਹਨ।

## ਜੇ ਕਿਸੇ ਡਾਕਟਰ ਦੁਆਰਾ ਮੇਰਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ ਤਾਂ ਕਾਲਜ ਹੋਰ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ?

ਕਾਲਜ ਉਹਨਾਂ ਮਰੀਜ਼ਾਂ ਵਾਸਤੇ ਚਿਕਿਤਸਾ ਜਾਂ ਸਲਾਹ-ਮਸ਼ਵਰੇ ਦੀਆਂ ਲਾਗਤਾਂ ਨੂੰ ਕਵਰ ਕਰਨ ਲਈ ਫ਼ੰਡ ਸਹਾਇਤਾ ਪ੍ਰਦਾਨ ਕਰਾਉਂਦਾ ਹੈ ਜਿੰਨ੍ਹਾਂ ਦਾ ਉਹਨਾਂ ਦੇ ਡਾਕਟਰ ਦੁਆਰਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ। ਤੁਹਾਡੇ ਵੱਲੋਂ ਕੋਈ ਅਰਜ਼ੀ ਸੌਂਪਣ ਦੇ ਬਾਅਦ, ਕਾਲਜ ਦੀ ਮਰੀਜ਼ ਰਿਸ਼ਤੇ ਕਮੇਟੀ (Patient Relations Committee) ਇਹ ਨਿਰਣਾ ਕਰੇਗੀ ਕਿ ਕੀ ਤੁਸੀਂ ਯੋਗਤਾ ਪੂਰੀ ਕਰਦੇ ਹੋ। ਫ਼ੰਡ ਬਾਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ **www.cpso.on.ca/therapy** ਦੇਖੋ। ਜਾਂ ਫਿਰ 1-800-268-7096, ਐਕਸਟੈਨਸ਼ਨ 211 'ਤੇ ਕਾਲ ਕਰੋ।